**ਅ) ਹੇਠ ਲਿਖੇ ਸ਼ਬਦਾਂ ਦੇ ਵਾਕ ਬਣਾਓ:** **(5)**

ਕਹਾਣੀ, ਜ਼ਹਿਰ, ਪੇਟੂ, ਸਪੂਤ, ਖਿਲਾਫ਼

**ੲ) ਹੇਠ ਲਿਖੇ ਵਾਕ ਕਿਸਨੇ ਕਿਸਨੂੰ ਕਹੇ?** **(2)**

1. "ਹਾਂ ਬੇਟਾ, ਹੁਣ ਪਹਿਲਾ ਵਾਲੀ ਗੱਲ ਨਹੀਂ ਰਹੀ"।
2. "ਇਸ ਦੇ ਪੰਦਰਾਂ ਬੈਂਤ ਮਾਰ ਕੇ ਛੱਡ ਦਿਓ।

**ਸ) ਹੇਠ ਲਿਖੇ ਕਾਵਿ ਟੋਟੇ ਨੂੰ ਪੜ੍ਹ ਕੇ ਪੁੱਛੇ ਪ੍ਰਸ਼ਨਾਂ ਦੇ ਉੱਤਰ ਦਿਓ।** **(3)**

ਜੀਣਾ ਵੀ ਜਿਸ ਥਾਂ ਤੇ ਹੋਏ ਜ਼ਹਿਰ ਵਰਗਾ
ਅੰਮ੍ਰਿਤ ਉੱਥੇ ਕੋਈ ਪਿਲਾ ਕੇ ਤਾ ਦੱਸੇ
ਖਾਲਸਾ ਸਜਾਇਆ ਜਿਵੇਂ ਤੂੰ ਅਨੰਦਪੁਰ
ਖਾਲਸਾ ਇਵੇ ਕੋਈ ਸਜਾ ਕੇ ਦੇਖੇ

ਪ੍ਰ1. ਅਨੰਦਪੁਰ ਵਿੱਚ ਖਾਲਸਾ ਕਿਸਨੇ ਸਜਾਇਆ?
ਪ੍ਰ2. ਜ਼ਹਿਰ ਵਰਗਾ ਤੋਂ ਕੀ ਭਾਵ ਹੈ?
ਪ੍ਰ3. ਇਸ ਕਵਿਤਾ ਦਾ ਨਾਂ ਤੇ ਇਸ ਦੇ ਕਵੀ ਦਾ ਨਾਂ ਦੱਸੋ।

**ਹ)** ਕੀ ਤੁਸੀਂ ਸਮੇਂ ਦੀ ਕਦਰ ਕਰਦੇ ਹੋ? ਵਿਸਥਾਰ ਨਾਲ ਲਿਖੋ। **(4)**

## ਭਾਗ - ਅ (ਵਿਆਕਰਨ)

**ਪ੍ਰ1. ਕੋਈ ਇਕ ਲੇਖ ਲਿਖੋ:** **(8)**

ਮੇਰੇ ਜੀਵਨ ਦਾ ਉਦੇਸ਼ **ਜਾਂ** ਸ੍ਰੀ ਗੁਰੂ ਨਾਨਕ ਦੇਵ ਜੀ

ਪ੍ਰ2. ਨਗਰ ਨਿਗਮ ਦੇ ਪ੍ਰਧਾਨ ਨੂੰ ਆਪਣੇ ਇਲਾਕੇ ਵਿੱਚ ਫੈਲੀ ਗੰਦਗੀ ਤੇ ਰੋਸ਼ਨੀ ਦੇ ਮਾੜੇ ਪ੍ਰਬੰਧ ਲਈ ਪੱਤਰ ਲਿਖੋ। **(6)**

ਪ੍ਰ3. ਕਿਰਿਆ ਤੋਂ ਕੀ ਭਾਵ ਹੈ? ਇਹ ਕਿੰਨੇ ਪ੍ਰਕਾਰ ਦੀ ਹੈ ਸਿਰਫ ਪ੍ਰਕਾਰ ਦੇ ਨਾਂ ਲਿਖੋ। **(3)**

**ਪ੍ਰ. ਹੇਠ ਲਿਖੇ ਮੁਹਾਵਰਿਆਂ ਦੇ ਅਰਥ ਦੱਸ ਕੇ ਵਾਕ ਬਣਾਓ:** **(3)**

ਇੱਕ ਮੁੱਠ ਹੋਣਾ, ਸਾਹ ਸੁੱਕਣਾ, ਅੱਖ ਕੱਢਣੀ

**ਪ੍ਰ. ਬਹੁਆਰਥਕ ਸ਼ਬਦ ਬਣਾਓ (ਦੋ-ਦੋ):** **(4)**

ਉਚਾ, ਹਾਰ

**ਪ੍ਰ. ਬਹੁਤੇ ਸ਼ਬਦਾਂ ਲਈ ਇੱਕ ਸ਼ਬਦ:** **(2)**

ਨਾਟਕ ਲਿਖਣ ਵਾਲਾ, ਪਿੰਡ ਵਿੱਚ ਸਾਂਝੀ ਥਾਂ

**ਪ੍ਰ. ਅਗੇਤਰ ਸ਼ਬਦ ਬਣਾਓ (ਦੋ-ਦੋ):** **(2)**

ਅਪ, ਸਵੈ

**ਪ੍ਰ. ਪਿਛੇਤਰ ਸ਼ਬਦ ਬਣਾਓ (ਦੋ-ਦੋ):** **(2)**

ਆਲੂ, ਈਨ

**ਪ੍ਰ. ਵਿਰੋਧੀ ਸ਼ਬਦ ਲਿਖੋ:** **(2)**

ਦਾਨੀ, ਖੁਸ਼ੀ, ਘਾਟਾ, ਚਿੱਟਾ

**ਪ੍ਰ. ਲਿੰਗ ਬਦਲੋ:** **(2)**

ਬਾਂਦਰ, ਗਾਇਕ, ਨੌਕਰ, ਪਿਆਰੀ

**ਪ੍ਰ. ਸਮਾਨਾਰਥਕ ਸ਼ਬਦ ਬਣਾਓ (ਦੋ-ਦੋ):** **(2)**

ਹਵਾ, ਸੰਗ

**ਪ੍ਰ. ਸ਼ੁੱਧ ਲਿਖੋ:** **(2)**

ਮਾਹਿਰ, ਚਰਣ, ਗਲਿਆਂ, ਖਾਲਿਸ

**ਪ੍ਰ. ਅਖਾਣ ਪੂਰੇ ਕਰੋ:** **(2)**

ਉਹ ਦਿਨ ਡੁੱਬਾ ...............

ਅੰਦਰ ਹੋਵੇ ਸੱਚ ...............

**ਪ੍ਰ. ਵਿਸ਼ਰਾਮ ਚਿੰਨ ਲਗਾਓ:** **(1)**

ਅਫਸੋਸ ਮੈਂ ਇਹ ਦੁੱਖ ਨਹੀਂ ਸਹਾਰ ਸਕਦਾ

**ਪ੍ਰ. ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਪੁੱਛੇ ਪ੍ਰਸ਼ਨਾਂ ਦੇ ਉੱਤਰ ਦਿਓ।** **(4)**

ਵਿਦਿਆਰਥੀ ਜੀਵਨ ਮਨੁੱਖ ਦੇ ਮੁੱਖੀ ਜੀਵਨ ਦੀ ਨੀਂਹ ਹੁੰਦਾ ਹੈ। ਜੇਕਰ ਇਸ ਜੀਵਨ ਕਾਲ ਅੰਦਰ ਮਨੁੱਖ ਕੁਝ ਵਿਸ਼ੇਸ਼ ਗੁਣਾਂ ਨੂੰ ਆਪਣੇ ਅੰਦਰ ਸਮੇਟ ਲਵੇ ਤਾਂ ਉਹ ਸਾਰਾ ਜੀਵਨ ਸੁੱਖ ਸਹੂਲਤਾਂ ਨਾਲ ਭਰਪੂਰ ਹੋ ਸਕਦਾ ਹੈ। ਵਿਦਿਆਰਥੀਆਂ ਨੂੰ ਕਾਂ ਦੇ ਸਮਾਨ ਚੋਹੀ ਪਾਸੀ ਨਜ਼ਰ ਰੱਖਣੀ ਚਾਹੀਦੀ ਹੈ ਉਸ ਨੂੰ ਘੱਟ ਭੋਜਨ ਕਰਨਾ ਚਾਹੀਦਾ ਹੈ। ਤੇ ਉਹ ਆਤਮ ਵਿਸ਼ਵਾਸੀ ਵੀ ਹੋਣਾ ਚਾਹੀਦਾ ਹੈ। ਉਸ ਨੂੰ ਕਾਮ, ਕ੍ਰੋਧ, ਲੋਭ ਤੇ ਹੋਰ ਦੂਜੇ ਔਗੁਣਾਂ ਨੂੰ ਤਿਆਗ ਦੇਣਾ ਚਾਹੀਦਾ ਹੈ। ਉਸਨੂੰ ਚਰਿੱਤਰਵਾਨ ਬਣਨਾ ਚਾਹੀਦਾ ਹੈ। ਕਿਉਂਕਿ ਇਕ ਆਰਦਸ਼ ਵਿਦਿਆਰਥੀ ਹੀ ਕੌਮ ਤੇ ਦੇਸ਼ ਦਾ ਸਿਪਾਹੀ ਹੁੰਦਾ ਹੈ।

ਪ੍ਰ1. ਵਿਦਿਆਰਥੀ ਜੀਵਨ ਮਨੁੱਖ ਦੇ ਮੁੱਖੀ ਜੀਵਨ ਦੀ ਨੀਂਹ ਹੁੰਦਾ ਹੈ। ਕਿਵੇਂ?

ਪ੍ਰ2. ਵਿਦਿਆਰਥੀ ਦੀ ਨਜ਼ਰ ਕਿਸ ਪ੍ਰਕਾਰ ਦੀ ਹੋਣੀ ਚਾਹੀਦੀ ਹੈ?

ਪ੍ਰ3. ਉਸਨੂੰ ਕਿਹੜੇ ਔਗੁਣ ਤਿਆਗ ਦੇਣੇ ਚਾਹੀਦੇ ਹਨ?

ਪ੍ਰ. ਕੌਣ ਦੇਸ਼ ਤੇ ਕੌਮ ਦਾ ਸਿਪਾਹੀ ਹੁੰਦਾ ਹੈ?

**BUDHA DAL PUBLIC SCHOOL PATIALA (15 Sept.15)**

**UNIT - I**

**Class - VII**

**Paper - Punjabi**

**Time: 3 hrs.** **MM: 90**

**ਭਾਗ–ੳ**

**ਪ੍ਰ1. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿੱਚ ਦਿਓ।** **(6)**

ੳ) ਘੋੜੀਆਂ ਤੇ ਸੁਹਾਗ ਕਦੋਂ ਗਾਏ ਜਾਂਦੇ ਹਨ?

ਅ) ਪੰਕਜ ਨੇ ਹਾਜ਼ਰ ਦਿਮਾਗੀ ਵਾਲਾ ਕੀ ਕੰਮ ਕੀਤਾ?

ੲ) ਚੰਦਰ ਸ਼ੇਖਰ ਨੂੰ ਸੰਸਕ੍ਰਿਤ ਪੜਨ ਲਈ ਕਿੱਥੇ ਭੇਜਿਆ ਗਿਆ?

ਸ) ਕਿਹੜੇ ਬੱਚੇ ਲੇਟ ਆਏ ਸਨ?

ਹ) ਵਾਧੂ ਭੋਜਨ ਕਰਨ ਦੇ ਕੀ ਨੁਕਸਾਨ ਹਨ?

ਕ) ਗੁਰੂ ਜੀ ਨੇ ਪਾਲਸਾ ਪੰਥ ਕਦੋਂ ਸਾਜਿਆ?

**ਪ੍ਰ2. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਵਿਸਥਾਰ ਨਾਲ ਦਿਓ:** **(21)**

ੳ) ਰੇਣੂਕਾ ਨਾਲ ਕੀ ਦੁਰਘਟਨਾ ਵਾਪਰੀ ਅਤੇ ਪੰਕਜ ਨੇ ਉਸਦੀ ਮਦਦ ਕਿਵੇਂ ਕੀਤੀ?

ਅ) ਐੱਚ.ਆਰ.ਏ ਕੀ ਸੀ ਤੇ ਅਜ਼ਾਦ ਦਾ ਇਸ ਨਾਲ ਕੀ ਸੰਬੰਧ ਸੀ?

ੲ) ਚੌਵੀ ਘੰਟਿਆਂ ਵਿੱਚ ਅਸੀਂ ਕੀ–ਕੀ ਕੰਮ ਕਰਦੇ ਹਾਂ?

ਸ) ਜੇ ਚੰਗੀ ਤਰ੍ਹਾਂ ਜਿਊਣਾ ਚਾਹੁੰਦੇ ਹੋ ਤਾਂ ਕੀ ਕਰਨਾ ਚਾਹੀਦਾ ਹੈ?

ਹ) ਅੰਤ ਵਿੱਚ ਘੱਦੂ ਨੇ ਆਪਣੀ ਮਾਂ ਨੂੰ ਮਿਲ ਕੇ ਕੀ ਕਿਹਾ?

ਕ) ਪੰਜਾਬੀ ਮਾਂ ਬੋਲੀ ਜਨਮ ਤੋਂ ਲੈ ਕੇ ਮਰਨ ਤੱਕ ਸਾਡਾ ਸਾਥ ਕਿਵੇਂ ਨਿਭਾਉਂਦੀ ਹੈ?

ਖ) ਬੰਦਾ ਬਹਾਦਰ ਕੌਣ ਸੀ ਤੇ ਉਸਦਾ ਗੁਰੂ ਜੀ ਨਾਲ ਕੀ ਸਬੰਧ ਸੀ?

**ਪ੍ਰ3ੳ) ਹੇਠ ਲਿਖੇ ਸ਼ਬਦਾਂ ਦੇ ਅਰਥ ਦੱਸੋ:** **(4)**

ਸ਼ਸਤਰ, ਪ੍ਰਬੰਧ, ਧੀਰਜ, ਸ਼ੁਕਰੀਆ, ਬਦੌਲਤ, ਮਗਨ, ਕੁਰਲਾਉਣਾ, ਹਮਜੋਲੀ